# ਐਮਰਜੈਂਸੀ ਸੇਵਾ ਤੱਕ ਪਹੁੰਚ ਵਿਚ ਸੁਧਾਰ ਲਈ ਕਾਰਵਾਈ
# ACTION ON EMERGERCY SERVICE ACCESS

ਐਲਬਰਟਾ ਵਿਚ 37 ਲੱਖ ਲੋਕ ਰਹਿੰਦੇ ਹਨ ਅਤੇ ਉਹ ਐਮਰਜੈਂਸੀ ਵਿਭਾਗਾਂ ਵਿਚ ਸਾਲ ਵਿਚ 19 ਲੱਖ ਵਾਰ ਜਾਂਦੇ ਹਨ। ਸਾਰੇ ਐਲਬਰਟਾ ਨਿਵਾਸੀਆਂ (ਐਲਬਰਟਨਜ਼) ਲਈ ਐਮਰਜੈਂਸੀ ਸੇਵਾਵਾਂ ਵਿਚ ਸੁਧਾਰ ਲਈ, ਐਲਬਰਟਾ ਹੈੱਲਥ ਸਰਵਿਸਿਜ਼ ਨੇ ਪ੍ਰਾਪਤ ਕਰਨ ਯੋਗ ਟੀਚੇ ਮਿੱਥੇ ਹਨ, ਤਾਂ ਜੋ ਉਹ ਲੋੜੀਂਦੀ ਦੇਖਭਾਲ ਪ੍ਰਾਪਤ ਕਰ ਸਕਣ ਅਤੇ ਜਲਦੀ ਘਰ ਮੁੜ ਸਕਣ।

- ਹਸਪਤਾਲ ਵਿਚ ਭਰਤੀ ਹੋਣ ਲਈ, ਐਮਰਜੈਂਸੀ ਵਿਭਾਗ ਦੀ ਫੇਰੀ ਦੌਰਾਨ ਅੱਠ ਘੰਟੇ ਜਾਂ ਉਸ ਤੋਂ ਘੱਟ ਅਵਧੀ ਲਈ ਰੁਕਣ ਵਾਲੇ ਲੋਕਾਂ ਦੀ ਪ੍ਰਤੀਸ਼ਤ, 2015 ਤੱਕ, ਹੁਣ ਦੇ 48 ਪ੍ਰਤੀਸ਼ਤ ਤੋਂ ਵਧ ਕੇ 90 ਪ੍ਰਤੀਸ਼ਤ ਹੋ ਜਾਏਗਾ।
- ਐਮਰਜੈਂਸੀ ਵਿਭਾਗ ਵਿਚ ਚਾਰ ਘੰਟੇ ਜਾਂ ਉਸ ਤੋਂ ਘੱਟ ਅਵਧੀ ਲਈ ਰੁਕਣ ਵਾਲੇ ਲੋਕ ਜਿਹਨਾਂ ਨੂੰ ਹਸਪਤਾਲ ਵਿਚ ਭਰਤੀ ਨਹੀਂ ਕਰਨਾ ਪੈਂਦਾ, ਉਨ੍ਹਾਂ ਦੀ ਪ੍ਰਤੀਸ਼ਤ, 2015 ਤੱਕ, ਹੁਣ ਦੇ 80 ਪ੍ਰਤੀਸ਼ਤ ਤੋਂ ਵਧ ਕੇ 90 ਪ੍ਰਤੀਸ਼ਤ ਹੋ ਜਾਏਗਾ।

ਇਨ੍ਹਾਂ ਟੀਚਿਆਂ ਦਾ ਅਰਥ ਹੈ ਕਿ ਕੈਨੇਡਾ ਵਿਚ ਐਮਰਜੈਂਸੀ ਵਿਭਾਗ ਵਿਚ ਇੰਤਜ਼ਾਰ, ਐਲਬਰਟਾ ਨਿਵਾਸੀਆਂ (ਐਲਬਰਟਨਜ਼) ਲਈ ਸਭ ਤੋਂ ਘੱਟ ਹੋਵੇਗਾ। ਐਲਬਰਟਾ ਹੈੱਲਥ ਸਰਵਿਸਿਜ਼, ਪੂਰੇ ਐਲਬਰਟਾ ਲਈ, ਐਮਰਜੈਂਸੀ ਸੇਵਾ ਤੱਕ ਪਹੁੰਚ ਵਿਚ ਸੁਧਾਰ ਲਈ ਯਤਨਸ਼ੀਲ ਹੈ:

- ਢੁੱਕਵੇਂ ਸਮੇਂ 'ਤੇ ਇਲਾਜ ਵਿਚ ਵਾਧਾ
- ਮਰੀਜ਼ਾਂ ਦੀ ਰਵਾਨਗੀ ਵਿਚ ਸੁਧਾਰ
- ਸਹੂਲਤਾਂ ਦੇ ਦਰਜੇ ਵਿਚ ਸੁਧਾਰ
- ਬਜ਼ੁਰਗਾਂ ਨੂੰ ਸਿਹਤਮੰਦ ਅਤੇ ਅਜ਼ਾਦ ਰੱਖਣਾ
- ਐਂਬੂਲੈਂਸਾਂ ਵਿਚੋਂ ਸਥਾਨ ਅੰਤਰਨ (ਤਬਦੀਲੀ) ਦੀ ਪ੍ਰਕਿਰਿਆ ਵਿਚ ਤਿੱਖਾਪਨ ਲਿਆਉਣਾ
- ਪਹੁੰਚ (ਐਮਰਜੈਂਸੀ ਵਿਭਾਗ ਲਈ) ਵਿਚ ਸੁਧਾਰ

### ਮੈਡੀਕਲ ਅਸੈਸਮੈਂਟ (ਆਂਕਲਨ ਕਰਨ ਵਾਲੇ) ਯੂਨਿਟ ਬਿਸਤਰੇ ਖਾਲੀ ਕਰਵਾਉਂਦੇ ਹਨ, ਜਲਦੀ ਪਹੁੰਚ ਪ੍ਰਦਾਨ ਕਰਦੇ ਹਨ, ਢੁੱਕਵੇਂ ਸਮੇਂ 'ਤੇ ਇਲਾਜ ਪ੍ਰਦਾਨ ਕਰਨ ਵਿਚ ਵਾਧਾ ਕਰਦੇ ਹਨ

**(Medical assessment units free beds, provide quicker access, providing more timely treatment)**

ਜ਼ਰੂਰੀ ਨਹੀਂ ਹੈ ਕਿ ਇੰਤਜ਼ਾਰ ਦੇ ਸਮੇਂ ਨੂੰ ਬਰਬਾਦ ਹੋਇਆ ਹੀ ਸਮਝਿਆ ਜਾਵੇ। ਕੈਲਗਰੀ ਦੇ ਰੌਕੀਵਿਊ ਜਨਰਲ ਹਸਪਤਾਲ ਵਿਚ ਇਨਪੇਸ਼ੈਂਟ ਵਾਰਡ ਵਿਚ ਭਰਤੀ ਲਈ ਇਤਜ਼ਾਰ ਕਰ ਰਹੇ ਮਰੀਜ਼ਾਂ ਨੂੰ ਐਮਰਜੈਂਸੀ ਵਿਭਾਗ ਵਿਚੋਂ ਬਦਲੀ ਕਰਕੇ ਮੈਡੀਕਲ ਅਸੈਸਮੈਂਟ ਯੂਨਿਟ ਵਿਚ ਭੇਜਿਆ ਜਾ ਰਿਹਾ ਹੈ, ਜਿੱਥੇ ਡਾਕਟਰ ਅਤੇ ਨਰਸਾਂ ਮਰੀਜ਼ ਨਾਲ ਸਲਾਹ-ਮਸ਼ਵਰਾ, ਇਲਾਜ ਅਤੇ ਬਿਮਾਰੀ ਦਾ ਪਤਾ ਲਗਾਉਣ ਦੀ ਕਾਰਵਾਈ ਸ਼ੁਰੂ ਕਰਦੇ ਹਨ। ਫਰਵਰੀ 2010 ਵਿਚ, 12 ਬਿਸਤਰਿਆਂ ਵਾਲੇ ਮੈਡੀਕਲ ਅਸੈਸਮੈਂਟ ਯੂਨਿਟ ਦਾ ਆਰੰਭ ਹੋਇਆ ਸੀ; ਐਡਮਿੰਟਨ ਦੇ ਰੌਇਲ ਐਲਗਜ਼ੈਂਡਰਾ ਹਸਪਤਾਲ ਵਿਚ, ਦੂਸਰੇ 15 ਬਿਸਤਰਿਆਂ ਦੇ ਯੂਨਿਟ ਦੀ 2010 ਦੀ ਪਤਝੜ (ਫਾਲ) ਵਿਚ ਖੁੱਲ੍ਹਣ ਦੀ ਉਮੀਦ ਹੈ। ਦੋਨੋ ਹੀ ਪ੍ਰਦਰਸ਼ਨੀ ਪ੍ਰੋਜੈਕਟ ਹਨ। ਆਮ ਤੌਰ 'ਤੇ ਮੈਡੀਕਲ ਅਸੈਸਮੈਂਟ ਯੂਨਿਟ ਵਿਚ ਮਰੀਜ਼ 24 ਤੋਂ 48 ਘੰਟੇ ਤੱਕ ਰਹਿੰਦੇ ਹਨ।

ਇਸ ਤੋਂ ਬਾਅਦ ਮਰੀਜ਼ਾਂ ਨੂੰ ਸਭ ਤੋਂ ਜ਼ਿਆਦਾ ਢੁੱਕਵੇਂ ਇੰਨਪੇਸ਼ੈਂਟ ਯੂਨਿਟ ਵਿਚ ਭੇਜ ਦਿੱਤਾ ਜਾਂਦਾ ਹੈ ਜਾਂ ਭਾਈਚਾਰੇ (ਕਮਿਊਨਿਟੀ) ਦੀ ਢੁੱਕਵੀਂ ਸਹਾਇਤਾ ਦੀ ਹੋਂਦ ਨਾਲ ਛੁੱਟੀ ਦੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ, ਇਹ ਯੂਨਿਟ ਭੀੜ ਵਾਲੇ ਐਮਰਜੈਂਸੀ ਵਿਭਾਗ ਨੂੰ ਖਾਲੀ ਕਰ ਦਿੰਦੇ ਹਨ ਅਤੇ ਸਾਡੇ ਮਰੀਜ਼ਾਂ ਦੇ ਇਲਾਜ ਲਈ ਉਡੀਕ ਦੇ ਸਮੇਂ ਨੂੰ ਘੱਟ ਕਰ ਦਿੰਦੇ ਹਨ। ਪਰੋਵਿੰਸ ਵਿਚ ਹੋਰ ਹਸਤਪਾਲਾਂ ਵਿਚ ਮੈਡੀਕਲ ਅਸੈਸਮੈਂਟ ਯੂਨਿਟ ਬਾਣਾਉਣ ਲਈ, ਰੌਕੀਵਿਊ ਜਨਰਲ ਹਸਪਤਾਲ ਅਤੇ ਰੌਇਲ ਐਲਗਜ਼ੈਂਡਰਾ ਹਸਪਤਾਲ ਦੇ ਅਨੁਭਵਾਂ ਦਾ ਇਸਤੇਮਾਲ ਕੀਤਾ ਜਾਏਗਾ।

### ਐਲਬਰਟਾ ਦੇ ਬੱਚਿਆਂ ਵਲ ਜਲਦੀ ਨਾਲ ਧਿਆਨ ਦੇਣਾ, ਮਰੀਜ਼ਾਂ ਦੀ ਰਵਾਨਗੀ ਵਿਚ ਸੁਧਾਰ

**(Prompt attention for Alberta's children, improving patient flow)**

ਜਦੋਂ ਕੋਈ ਬਿਮਾਰ ਜਾਂ ਸੱਟਾਂ ਨਾਲ ਪੀੜਿਤ ਬੱਚਾ ਐਮਰਜੈਂਸੀ ਵਿਭਾਗ ਵਿਚ ਆਉਂਦਾ ਹੈ ਤਾਂ ਉਸ ਨੂੰ ਜਲਦੀ ਤੋਂ ਜਲਦੀ ਡਾਕਟਰੀ ਸਹਾਇਤਾ ਮਿਲਣੀ ਚਾਹੀਦੀ ਹੈ। ਕੈਲਗਰੀ ਦੇ ਐਲਬਰਟਾ ਚਿਲਡਰਨਜ਼ ਹੌਸਪੀਟਲ (ਬੱਚਿਆਂ ਦਾ ਹਸਪਤਾਲ) ਦੇ ਐਮਰਜੈਂਸੀ ਵਿਭਾਗ ਵਿਚ ਇੰਤਜ਼ਾਰ ਕਰ ਰਹੇ ਬਹੁਤ ਸਾਰੇ ਛੋਟੇ ਬੱਚੇ, 'ਫਲੋ ਬੈੱਡ (ਮਰੀਜ਼ਾਂ ਦੀ ਰਵਾਨਗੀ ਬਿਹਤਰ ਕਰਨ ਲਈ ਲਗਾਏ ਗਏ ਬਿਸਤਰੇ)' ਅਸੈਸਮੈਂਟ ਏਰੀਆ ਵਿਚ, ਬਹੁਤ ਜਲਦੀ ਡਾਕਟਰ ਦੁਆਰਾ ਵੇਖੇ ਜਾ ਰਹੇ ਹਨ। ਸਤੰਬਰ 2009 ਵਿਚ ਲਾਗੂ ਕੀਤੇ

ਜਾਣ ਤੋਂ ਬਾਅਦ, ਇਨ੍ਹਾਂ ਬਿਸਤਰਿਆਂ ਨੇ ਡਾਕਟਰ ਦੁਆਰਾ ਵੇਖੇ ਜਾਣ ਦੇ ਸਮੇਂ ਨੂੰ ਜ਼ਿਆਦਾਤਰ ਬੱਚਿਆ ਲਈ 15 ਮਿੰਟ ਘਟਾ ਦਿੱਤਾ ਹੈ – 15 ਪ੍ਰਤੀਸ਼ਤ ਸੁਧਾਰ। ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿਚ ਆਉਣ ਵਾਲੇ ਲਗਭਗ 60 ਪ੍ਰਤੀਸ਼ਤ ਮਰੀਜ਼ ਗੰਭੀਰ ਤੌਰ 'ਤੇ ਬਿਮਾਰ ਨਹੀਂ ਹੁੰਦੇ ਹਨ ਪਰ ਉਨ੍ਹਾਂ ਦੀਆਂ ਬਿਮਾਰੀਆਂ ਅਤੇ ਸੱਟਾਂ ਦੇ ਇਲਾਜ ਲਈ ਡਾਕਟਰ ਦੀ ਸਲਾਹ ਦੀ ਲੋੜ ਹੁੰਦੀ ਹੈ। ਫਲੋ ਬੈਡਜ਼ ਤੋਂ ਬਗੈਰ, ਇਨ੍ਹਾਂ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜ਼ਿਆਦਾ ਦੇਰ ਤੱਕ ਇੰਤਜ਼ਾਰ ਕਰਨਾ ਪੈ ਸਕਦਾ ਸੀ। ਐਮਰਜੈਂਸੀ ਉਡੀਕ ਕਮਰਿਆਂ ਵਿਚ ਸਮਾਂ ਗੁਜ਼ਾਰਨ ਦੀ ਬਜਾਏ, ਹੁਣ ਉਨ੍ਹਾਂ ਨੂੰ ਫਲੋ ਬੈਡਜ਼ ਵਾਲੇ ਇਲਾਕੇ ਵਿਚ ਭੇਜ ਦਿੱਤਾ ਜਾਂਦਾ ਹੈ, ਇਹ ਐਮਰਜੈਂਸੀ ਦੇ ਅੰਦਰ ਹੀ ਸਥਿੱਤ ਹੁੰਦੇ ਹਨ ਅਤੇ ਇੱਥੇ ਜਲਦੀ ਹੀ ਡਾਕਟਰੀ ਸਹਾਇਤਾ ਮਿਲ ਜਾਂਦੀ ਹੈ। ਉਨ੍ਹਾਂ ਨੂੰ ਹਸਪਤਾਲ ਵਿਚ ਭਰਤੀ ਕੀਤਾ ਜਾ ਸਕਦਾ ਹੈ ਜਾਂ ਸਲਾਹ ਦੇ ਕੇ ਅਤੇ/ਜਾਂ ਫੈਮਿਲੀ ਡਾਕਟਰ ਨਾਲ ਮਿਲਣ ਲਈ ਹਦਾਇਤਾਂ ਦੇ ਕੇ ਭੇਜਿਆ ਜਾ ਸਕਦਾ ਹੈ। ਇਸ ਲਈ ਹੁਣ ਜਦੋਂ ਬੱਚੇ ਐਮਰਜੈਂਸੀ ਵਿਭਾਗ ਵਿਚ ਆਉਂਦੇ ਹਨ ਤਾਂ ਉਨ੍ਹਾਂ ਲਈ ਬਿਸਤਰਾ ਉਪਲਬਧ ਹੁੰਦਾ ਹੈ। ਐਮਰਜੈਂਸੀ ਵਿਭਾਗ ਵਿਚਲੇ ਫਲੋ ਬੈਡ ਏਰੀਏ ਵਿਚ ਵਿਅਸਤ ਸਮੇਂ ਦੌਰਾਨ 10 ਬਿਸਤਰੇ ਤੱਕ ਹੋ ਸਕਦੇ ਹਨ। ਹਰ ਸਾਲ 60,000 ਤੋਂ ਵੀ ਜ਼ਿਆਦਾ ਬੱਚੇ ਐਲਬਰਟਾ ਚਿਲਡਰਨਜ਼ ਹੌਸਪੀਟਲ ਦੇ ਐਮਰਜੈਂਸੀ ਵਿਭਾਗ ਵਿਚ ਆਉਂਦੇ ਹਨ।

**ਜ਼ਿਆਦਾ ਭੀੜ ਵਾਲੇ ਤਿੰਨ ਐਮਰਜੈਂਸੀ ਵਿਭਾਗਾਂ ਦਾ ਵਿਸਤਾਰ ਹੋ ਰਿਹਾ ਹੈ, ਸਹੂਲਤਾਂ ਦੇ ਦਰਜੇ ਵਿਚ ਸੁਧਾਰ ਕੀਤਾ ਜਾ ਰਿਹਾ ਹੈ (Three busy emergency departments expanding, upgrading facilities)**

ਐਮਰਜੈਂਸੀ ਵਿਭਾਗਾਂ ਤੱਕ ਪਹੁੰਚ ਵਿਚ ਸੁਧਾਰ ਕਰਨ ਲਈ ਐਲਬਰਟਾ ਦੇ ਤਿੰਨ ਹਸਪਤਾਲਾਂ ਵਿਚ ਉਸਾਰੀ ਦਾ ਕੰਮ ਚਲ ਰਿਹਾ ਹੈ। ਕੈਲਗਰੀ ਦਾ ਰੌਕੀਵਿਊ ਜਨਰਲ ਹਸਪਤਾਲ, ਐਡਮਿੰਟਨ ਦਾ ਯੂਨੀਵਰਸਿਟੀ ਔਫ ਐਲਬਰਟਾ ਹੌਸਪੀਟਲ ਅਤੇ ਸਟੌਲਰੀ ਚਿਲਡਰਨਜ਼ ਹੌਸਪੀਟਲ, ਅਤੇ ਗਰੈਂਡ ਪਰੇਰੀ ਦਾ ਕਵੀਨ ਇਲਿਜ਼ੇਬਥ II ਹੌਸਪੀਟਲ ਦੇ ਐਮਰਜੈਂਸੀ ਵਿਭਾਗ।

**ਪ੍ਰੋਗਰਾਮਾਂ ਦੀ ਮਦਦ ਨਾਲ ਅਤੇ ਬਜ਼ੁਰਗਾਂ ਨੂੰ ਸਿਹਤਮੰਦ ਅਤੇ ਅਜ਼ਾਦ ਰੱਖਣ ਨਾਲ ਐਮਰਜੈਂਸੀ ਦੀਆਂ ਫੇਰੀਆਂ ਵਿਚ ਕਮੀ ਹੁੰਦੀ ਹੈ (Programs reduce avoidable emergency visits, keeping seniors healthy and independent)**

ਐਲਬਰਟਾ ਦੇ ਕੁੱਝ ਬਜ਼ੁਰਗਾਂ (ਸੀਨੀਅਰਜ਼) ਲਈ, ਐਮਰਜੈਂਸੀ ਵਿਚ ਆਉਣ ਤੋਂ ਬਾਦ, ਇਹ ਪਹਿਲਾ ਕਦਮ ਹੁੰਦਾ ਹੈ ਜਿਸ ਕਾਰਨ ਉਹ, ਉਹ ਤਬਦੀਲੀਆਂ ਕਰਦੇ ਹਨ ਜਿਨ੍ਹਾਂ ਕਰ ਕੇ ਐਮਰਜੈਂਸੀ ਵਿਚ ਵਾਪਸੀ ਤੋਂ ਬਚਿਆ ਜਾ ਸਕਦਾ ਹੈ ਅਤੇ ਜਿਸ ਨਾਲ ਉਨ੍ਹਾਂ ਨੂੰ ਜਿਤਨੇ ਸਮੇਂ ਲਈ ਸੰਭਵ ਹੋ ਸਕੇ, ਸੁਰੱਖਿਅਤ, ਸਿਹਤਮੰਦ ਅਤੇ ਅਜ਼ਾਦ ਰਹਿਣ ਵਿਚ ਮਦਦ ਮਿਲਦੀ ਹੈ। ਬਜ਼ੁਰਗ ਐਲਬਰਟਾ ਦੀ ਜਨਸੰਖਿਆ ਦੇ 10 ਪ੍ਰਤੀਸ਼ਤ ਦੀ ਨੁਮਾਇੰਦਗੀ ਕਰਦੇ ਹਨ, ਪਰ ਫੇਰ ਵੀ ਉਹ ਐਮਰਜੈਂਸੀਆਂ ਵਿਚ ਆਉਣ ਵਾਲਿਆਂ ਦਾ 20 ਪ੍ਰਤੀਸ਼ਤ ਹੁੰਦੇ ਹਨ। ਐਲਬਰਟਾ ਹੈਲਥ ਸਰਵਿਸਿਜ਼, ਬਜ਼ੁਰਗਾਂ ਦੇ ਐਮਰਜੈਂਸੀ ਵਿਚ ਆਉਣ ਦੀ ਦਰ ਵਿਚ ਕਮੀ ਲਿਆਉਣ ਲਈ ਕੋਸ਼ਿਸ਼ ਕਰ ਰਹੀ ਹੈ, ਜਿਸ ਨਾਲ, ਸਾਰਿਆਂ ਲਈ ਐਮਰਜੈਂਸੀ ਲਈ ਪਹੁੰਚ ਵਿਚ ਸੁਧਾਰ ਹੋ ਜਾਏਗਾ। ਸੰਸਥਾ ਦੀ ਬਜ਼ੁਰਗਾਂ ਲਈ ਸਮੁੱਚੀ ਵਿਉਂਤਬੰਦੀ ਨਾਲ ਇਹ ਸੰਭਵ ਹੋ ਸਕੇਗਾ। ਕੈਲਗਰੀ, ਐਡਮਿੰਟਨ, ਰੈਡ ਡੀਅਰ, ਲੈਥਬਰਿੱਜ ਅਤੇ ਸੇਂਟ ਐਲਬਰਟ ਖਾਸ ਤੌਰ 'ਤੇ ਸਿਖਲਾਈ ਪ੍ਰਾਪਤ ਸੰਯੋਜਕ (ਕੋਔਰਡੀਨੇਟਰ) ਰੱਖਦੇ ਹਨ ਜੋ ਬਜ਼ੁਰਗਾਂ ਦਾ ਆਂਕਲਨ ਕਰਦੇ ਹਨ ਕਿ ਕੀ ਉਨ੍ਹਾਂ ਨੂੰ ਭਾਈਚਾਰੇ ਦੀ ਸਹਾਇਤਾ (ਕਮਿਊਨਿਟੀ ਸਪੋਰਟ) ਦੀ ਲੋੜ ਹੈ ਜਿਸ ਵਿਚ ਹੋਮ ਕੇਅਰ ਸਰਵਿਸਿਜ਼ ਵੀ ਸ਼ਾਮਿਲ ਹਨ। ਉਹ ਹਸਪਤਾਲ ਅਤੇ ਕਮਿਊਨਿਟੀ ਕੇਅਰ ਵਿਚਾਲੇ ਕੜੀ ਪ੍ਰਦਾਨ ਕਰਦੇ ਹਨ, ਅਤੇ ਬਜ਼ੁਰਗਾਂ ਦੀ ਉਨ੍ਹਾਂ ਦੇ ਨਿਤਨੇਮ, ਦਵਾਈਆਂ ਅਤੇ/ਜਾਂ ਰਹਿਣ ਦੇ ਮਹੌਲ ਵਿਚ ਤਬਦੀਲੀ ਕਰਨ ਵਿਚ ਮਦਦ ਕਰਦੇ ਹਨ ਤਾਂ ਜੋ ਐਮਰਜੈਂਸੀ ਵਿਚ ਜਾਣ ਤੋਂ ਬਚਿਆ ਜਾ ਸਕੇ। ਹੋਰ ਭਾਈਚਾਰੇ ਦੇ ਉੱਦਮ (ਕਮਿਊਨਿਟੀ ਇਨੀਸ਼ਿਏਟਿਵਜ਼), ਜਿਵੇਂ ਕਿ ਐਡਲਟ ਡੇ ਪ੍ਰੋਗਰਾਮ, ਸਮੱਸਿਆਵਾਂ ਦਾ ਪਹਿਲਾਂ ਹੀ ਪਤਾ ਲਗਾ ਲੈਂਦੇ ਹਨ, ਇਸ ਤੋਂ ਪਹਿਲਾਂ ਕਿ ਬਜ਼ੁਰਗ ਹਸਪਤਾਲ ਵਿਚ ਪਹੁੰਚਣ। ਬਹੁਤ ਸਾਰੇ ਐਡਲਟ ਪ੍ਰੋਗਰਾਮ ਬਜ਼ੁਰਗਾਂ ਨੂੰ ਮੌਕਾ ਪ੍ਰਦਾਨ ਕਰਦੇ ਹਨ, ਜਿੱਥੇ ਸਿਹਤ ਪੇਸ਼ਾਵਰ (ਡਾਕਟਰ, ਨਰਸ ਆਦਿ) ਉਨ੍ਹਾਂ ਦੀ ਸਿਹਤ 'ਤੇ ਨਜ਼ਰ ਰੱਖ ਸਕਦੇ ਹਨ। ਐਡਲਟ ਪ੍ਰੋਗਰਾਮ ਵਿਚ ਭਰਤੀ ਹੋਣ ਤੋਂ ਬਾਅਦ, ਬਜ਼ੁਰਗਾਂ ਦੀਆਂ ਐਮਰਜੈਂਸੀ ਵਿਭਾਗ ਵਿਚ ਫੇਰੀਆਂ ਦੇ ਹਾਲ ਵਿਚ ਹੀ ਕੀਤੇ ਗਏ ਇਕ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਕਰ ਕੇ ਬਜ਼ੁਰਗਾਂ ਦੀਆਂ ਐਮਰਜੈਂਸੀ ਵਿਚ ਫੇਰੀਆਂ ਵਿਚ ਬਹੁਤ ਕਮੀ ਆਈ ਹੈ: ਛੇ ਮਹੀਨੇ ਵਿਚ 30 ਪ੍ਰਤੀਸ਼ਤ (ਐਡਮਿੰਟਨ ਦਾ ਚੌਇਸ ਪ੍ਰੋਗਰਾਮ) ਅਤੇ ਦੋ ਸਾਲ ਬਾਅਦ 65 ਪ੍ਰਤੀਸ਼ਤ (ਕੈਲਗਰੀ ਦਾ ਸੀ 3 ਪ੍ਰੋਗਰਾਮ)।

**ਜਲਦੀ ਇਲਾਜ ਦਾ ਮਤਲਬ ਹੈ ਕਿ ਜਲਦੀ ਛੁੱਟੀ, ਐਂਬੂਲੈਂਸ ਤਬਦੀਲੀਆਂ ਵਿਚ ਬਿਹਤਰੀ**
**(Earlier treatment means earlier discharge, streamlining ambulance transfers)**

ਇਕ ਪਾਇਲਟ (ਆਰੰਭਕ) ਪ੍ਰੋਜੈਕਟ ਦੀ ਸ਼ੁਰੂਆਤ ਹੋਈ ਹੈ ਜਿਸ ਵਿਚ, ਕੈਲਗਰੀ ਦੇ ਐਮਰਜੈਂਸੀ ਮੈਡੀਕਲ ਤਕਨਿਸ਼ੀਅਨ (ਈ ਐਮ ਟੀ) ਅਤੇ ਨਰਸਾਂ ਮਿਲ ਕੇ ਕੰਮ ਕਰ ਰਹੇ ਹਨ ਅਤੇ ਇਸ ਨਾਲ ਐਮਰਜੈਂਸੀ ਵਿਚ ਠਹਿਰ ਦੇ ਸਮੇਂ ਵਿਚ ਕਮੀ ਆਏਗੀ ਅਤੇ ਇਸ ਨਾਲ ਐਂਬੂਲੈਂਸਾਂ ਵਿਚਲੇ ਮੈਡੀਕਲ ਦਸਤੇ (ਕਰਊ) ਜਲਦੀ ਸੜਕ 'ਤੇ ਪਰਤ ਸਕਣਗੇ। ਮਰੀਜਾਂ ਦੇ ਹਸਪਤਾਲ ਦੀ ਦੇਖਭਾਲ ਦੇ ਸਪੁਰਦ ਹੋਣ ਤੱਕ ਐਮਰਜੈਂਸ਼ੀ ਮੈਡੀਕਲ ਕਰਊਜ਼ ਦੇ ਹਸਪਤਾਲ ਵਿਚ ਰਹਿਣ ਕਾਰਨ ਇਨ੍ਹਾਂ ਦਸਤਿਆਂ ਨੂੰ ਆਪਣੀਆਂ

ਐਂਬੂਲੈਂਸਾਂ ਤੋਂ ਦੂਰ ਰਹਿਣਾ ਪੈਂਦਾ ਹੈ ਅਤੇ ਜਿਸ ਕਰ ਕੇ ਉਹ ਆਪਣੀ ਸ਼ਿਫਟ ਦੇ ਦੌਰਾਨ, ਆਪਣੀ ਜ਼ੁੰਮੇਵਾਰੀ ਵਾਲੀ ਕਮਿਊਨਿਟੀ ਤੋਂ ਕਈ ਘੰਟੇ ਦੂਰ ਰਹਿੰਦੇ ਹਨ। ਪਰ ਕੈਲਗਰੀ ਦੇ ਰੌਕੀਵਿਊ ਹੌਸਪੀਟਲ ਦੇ ਇਕ ਨਵੇਂ ਪ੍ਰੋਜੈਕਟ ਦੇ ਤਹਿਤ, ਕਰਊਜ਼ ਆਪਣੇ ਮਰੀਜ਼ਾਂ ਨੂੰ ਅਜਿਹੇ ਬਿਸਤਰਿਆਂ 'ਤੇ ਪਾ ਦਿੰਦੇ ਹਨ ਜਿਨ੍ਹਾਂ ਦੀ ਦੇਖਭਾਲ ਹਸਪਤਾਲ ਦੀਆਂ ਈ ਐਮ ਟੀ/ਰਜਿਸਟਰਡ ਨਰਸਾਂ ਦੀਆਂ ਟੀਮਾਂ ਕਰਦੀਆਂ ਹਨ। ਅਗਰ ਜਲਦੀ ਦੇਖਭਾਲ ਦੀ ਲੋੜ ਹੁੰਦੀ ਹੈ ਤਾਂ ਮਰੀਜ਼ਾਂ ਨੂੰ ਸਿੱਧੇ ਐਮਰਜੈਂਸੀ ਵਿਭਾਗ ਵਿਚ ਲਿਜਾਇਆ ਜਾ ਸਕਦਾ ਹੈ। ਨਹੀਂ ਤਾਂ, ਐਂਬੂਲੈਂਸ ਦੁਆਰਾ ਆਏ ਮਰੀਜ਼ਾਂ ਦਾ ਆਂਕਲਨ (ਅਸੈਸਮੈਂਟ) ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਐਮਰਜੈਂਸੀ ਵਿਭਾਗ ਦੇ ਨੇੜੇ ਵਾਲੇ ਪੰਜ-ਬਿਸਤਰਿਆਂ ਵਾਲੇ ਇਲਾਕੇ ਵਿਚ ਰੱਖ ਲਿਆਂ ਜਾਂਦਾ ਹੈ ਅਤੇ ਇਲਾਜ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਐਂਬੂਲੈਂਸ ਦੇ ਕਰਊਜ਼ ਵਿਹਲੇ ਹੋ ਕੇ ਵਾਪਸ ਸੜਕ 'ਤੇ ਪਰਤ ਜਾਂਦੇ ਹਨ। ਡਾਇਗਨੌਸਟਿਕਸ (ਬਿਮਾਰੀ ਦਾ ਪਤਾ ਕਰਨ ਦੀ ਕਾਰਵਾਈ) ਅਤੇ ਇਲਾਜ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਪੈਰਾਮੈਡੀਕਲ ਸਟਾਫ ਨਾਲ ਕੰਮ ਕਰਨ ਲਈ ਇਕ ਰਜਿਸਟਰਡ ਨਰਸ ਹੁੰਦੀ ਹੈ।ਜਲਦੀ ਡਾਇਗਨੌਸਿਸ ਦਾ ਮਤਲਬ ਹੈ ਕਿ ਇਲਾਜ ਜਲਦੀ ਸ਼ੁਰੂ ਹੋ ਸਕਦਾ ਹੈ ਅਤੇ ਇਸ ਨਾਲ ਛੁੱਟੀ ਵੀ ਜਲਦੀ ਮਿਲ ਜਾਂਦੀ ਹੈ। ਸਮੁੱਚੇ ਤੌਰ ਤੇ, ਇਸ ਨਾਲ ਸਾਰੀ ਪ੍ਰਣਾਲੀ ਦੇ ਵਿਚੋਂ ਲੰਘ ਰਹੇ ਮਰੀਜ਼ਾਂ ਦੀ ਰਵਾਨਗੀ ਵਿਚ ਤੇਜ਼ੀ ਆਉਂਦੀ ਹੈ। ਕਈ ਵਾਰ, ਮੁੱਖ ਐਮਰਜੈਂਸੀ ਪ੍ਰਣਾਲੀ ਵਿਚ ਵੇਖੇ ਜਾਣ ਤੋਂ ਪਹਿਲਾ, ਇਨ੍ਹਾਂ ਬਿਸਤਰਿਆਂ ਤੋਂ ਹੀ ਮਰੀਜ਼ ਦੀ ਛੁੱਟੀ ਹੋ ਜਾਂਦੀ ਹੈ।

**ਸਹੀ ਜਗ੍ਹਾ 'ਤੇ ਸਹੀ ਦੇਖਭਾਲ ਨਾਲ ਐਮਰਜੈਂਸੀ ਪਰੈਸ਼ਰ (ਦਬਾਅ) ਘਟਦਾ ਹੈ, ਜਿਸ ਨਾਲ ਪਹੁੰਚ ਵਿਚ ਸੁਧਾਰ ਹੁੰਦਾ ਹੈ**
**(Right care in right place eases emergency pressures, improving access)**
ਪੂਰੇ ਪ੍ਰੋਵਿੰਸ ਵਿਚ, ਅਰਜੈਂਟ ਕੇਅਰ ਸੈਂਟਰ (ਜਲਦੀ ਇਲਾਜ ਕੇਂਦਰ) ਅਤੇ ਕਮਿਊਨਿਟੀ ਕਲਿਨਿਕਾਂ, ਐਲਬਰਟਾ ਨਿਵਾਸੀਆਂ ਨੂੰ ਸਿਹਤਮੰਦ ਰੱਖ ਰਹੀਆਂ ਹਨ ਅਤੇ ਐਮਰਜੈਂਸੀ ਵਿਭਾਗਾਂ ਤੋਂ ਵੀ ਬਾਹਰ ਰੱਖਦੀਆਂ ਹਨ। ਅਰਜੈਂਟ ਕੇਅਰ ਸੈਂਟਰ, ਉਨ੍ਹਾਂ ਲੋਕਾਂ ਦੀ ਮਦਦ ਕਰਦੇ ਹਨ ਜਿਨ੍ਹਾਂ ਨੂੰ ਐਮਰਜੈਂਸੀ ਦੇਖਭਾਲ ਦੀ ਲੋੜ ਨਹੀਂ ਹੁੰਦੀ ਹੈ ਪਰ ਉਨ੍ਹਾਂ ਦੀ ਜ਼ਰੂਰਤ ਡਾਕਟਰ ਦੇ ਦਫਤਰ ਜਾਂ ਵਾਕ-ਇਨ ਕਲੀਨਿਕ ਵਿਚ ਜਾਣ ਤੋਂ ਜ਼ਿਆਦਾ ਹੁੰਦੀ ਹੈ। ਇਸ ਸਾਲ, 160,000 ਲੋਕਾਂ ਦੇ ਪ੍ਰੋਵਿੰਸ ਦੇ ਪੰਜ ਅਰਜੈਂਟ ਕੇਅਰ ਸੈਂਟਰਾਂ ਵਿਚ ਆਉਣ ਦੀ ਉਮੀਦ ਹੈ-ਜਿਸ ਦਾ ਮਤਲਬ ਹੈ ਕਿ ਐਮਰਜੈਂਸੀ ਵਿਚ 160,000 ਲੋਕ ਘੱਟ ਆਉਣਗੇ ਅਤੇ ਸਰਿਆਂ ਲਈ ਐਮਰਜੈਂਸੀ ਸੇਵਾਵਾਂ ਤੱਕ ਬਿਹਤਰ ਪਹੁੰਚ। "ਅਰਜੈਂਟ ਕੇਅਰ ਸੈਂਟਰ ਦੇ ਕੰਮ ਦੇ ਘੰਟਿਆਂ ਦੌਰਨ, ਇਕ ਥਾਂ 'ਤੇ ਅਸੀਂ ਐਮਰਜੈਂਸੀ ਦੇ ਇਸਤੇਮਾਲ ਵਿਚ 22 ਤੋਂ 25 ਪ੍ਰਤੀਸ਼ਤ ਤੱਕ ਕਮੀ ਵੇਖੀ" ਡੈਨ ਮੈਰਚੰਦ, ਪ੍ਰੋਵਿੰਸ਼ਿਅਲ ਡਾਇਰੈਕਟਰ, ਅਰਜੈਂਟ ਕੇਅਰ, ਕਮਿਊਨਿਟੀ ਐਂਡ ਰੂਰਲ, ਐਲਬਰਟਾ ਹੈਲਥ ਸਰਵਿਸਿਜ਼।

**ਐਲਬਰਟਾ ਵਿਚ ਪੰਜ ਅਰਜੈਂਟ ਕੇਅਰ ਸੈਂਟਰ ਹਨ: (Alberta has five urgent care centres:)**
- ਸਾਊਥ ਕੈਲਗਰੀ ਹੈਲਥ ਸੈਂਟਰ
- ਕੈਲਗਰੀ ਵਿਖੇ ਸ਼ੈਲਡਨ ਐਮ. ਚੁਮਿਰ ਹੈਲਥ ਸੈਂਟਰ
- ਓਕੋਟੋਕਸ ਹੈਲਥ ਐਂਡ ਵੈੱਲਨੈੱਸ ਸੈਂਟਰ
- ਏਰਡਰੀ ਰਿਜਨਲ ਹੈਲਥ ਸੈਂਟਰ
- ਸ਼ੇਅਰਵੁੱਡ ਪਾਰਕ ਵਿਚ ਹੈਲਥ ਫਸਟ ਸਟਰੈਥਾਕੋਨਾ

ਸਪੈਸ਼ਲਿਟੀ ਕਲੀਨਿਕਾਂ ਵੀ ਮਰੀਜ਼ਾਂ ਦੀ ਬਿਮਾਰੀ 'ਤੇ ਬਿਹਤਰ ਕਾਬੂ ਕਰਨ ਵਿਚ ਮਦਦ ਕਰਕੇ ਅਤੇ ਉਨ੍ਹਾਂ ਜਟਿਲਤਾਵਾਂ, ਜਿਨ੍ਹਾਂ ਕਰ ਕੇ ਉਹ ਐਮਰਜੈਂਸੀ ਵਿਚ ਪਹੁੰਚ ਸਕਦੇ ਹਨ, ਦੀ ਰੋਕਥਾਮ ਕਰ ਕੇ, 'ਤੇ ਦਬਾਅ ਘਟਾਉਂਦੀਆਂ ਹਨ।

**ਵਧੇਰੇ ਜਾਣਕਾਰੀ ਲਈ:(For more information)**
ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿ ਐਲਬਰਟਾ ਹੈਲਥ ਸਰਵਿਸਿਜ਼, ਕਿਵੇਂ ਐਮਰਜੈਂਸੀ ਵਿਭਾਗ ਸੇਵਾਵਾਂ ਤੱਕ ਪਹੁੰਚ ਵਿਚ ਸੁਧਾਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਕ੍ਰਿਪਾ ਕਰਕੇ http://www.albertahealthservices.ca/2031.asp 'ਤੇ ਜਾਉ।

ਜਾਂ ਦਿਨ ਦੇ 24 ਘੰਟੇ ਅਤੇ ਹਫਤੇ ਦੇ ਸੱਤੋ ਦਿਨ ਨਰਸ ਨਾਲ ਗੱਲ ਕਰਨ ਲਈ: ਐਲਬਰਟਾ ਹੈਲਥ ਲਿੰਕ ਨੂੰ 1-866-408-LINK (5465) 'ਤੇ ਟੋਲ ਫਰੀ ਕਾਲ ਕਰੋ।

ਸਰੋਤ: ਐਲਬਰਟਾ ਹੈਲਥ ਸਰਵਿਸਿਜ਼ ਵੈੱਬਸਾਈਟ, www.albertahealthservices.ca

ਅਗਰ ਤੁਸੀਂ "ਰੋਡ ਟੂ ਹੈਲਥੀ ਲਿਵਿੰਗ" ਸੀਰੀਜ਼ ਦਾ ਪਹਿਲਾਂ ਵਾਲਾ ਕੋਈ ਹੋਰ ਲੇਖ ਪੜ੍ਹਨਾ ਚਾਹੁੰਦੇ ਹੋ ਤਾਂ http://www.calgaryhealthregion.ca/programs/diversity/multilingual_health_services.htm ਤੇ ਜਾ ਕੇ ਆਪਣੀ ਭਾਸ਼ਾ ਵਿਚ ਜਾਣਕਾਰੀ ਹਾਸਲ ਕਰੋ।

ਸਤੰਬਰ 2010 ਪ੍ਰਕਾਸ਼ਨ/ Published September 2010